Australian Government
Services Australia

# COVID-19 Disaster Payment ਬਾਰੇ ਜਾਣਕਾਰੀ

ਇਹ ਉਹਨਾਂ ਯੋਗ ਲੋਕਾਂ ਵਾਸਤੇ ਇਕ ਵਾਰੀ ਦਾ ਭੁਗਤਾਨ ਹੈ, ਜਿੰਨ੍ਹਾਂ ਨੇ ਕਿਸੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੇ COVID-19 ਜਨਤਕ ਸਿਹਤ ਆਦੇਸ਼ ਕਰਕੇ ਕੰਮ ਅਤੇ ਆਮਦਨ ਗੁਆ ਦਿੱਤੀ ਸੀ। ਇਸ ਵਿੱਚ ਤਾਲਾਬੰਦੀ, ਹੌਟਸਪੌਟ ਜਾਂ ਏਧਰ ਓਧਰ ਜਾਣ ਦੀਆਂ ਪਾਬੰਦੀਆਂ ਸ਼ਾਮਲ ਹੋ ਸਕਦੀਆਂ ਹਨ।

COVID-19 Disaster Payment, ਟੈਕਸ ਯੋਗ ਨਹੀਂ ਹੈ।

ਜੇ ਤੁਸੀਂ ਸਾਰੇ ਆਮ ਯੋਗਤਾ ਨਿਯਮਾਂ ਦੇ ਨਾਲ-ਨਾਲ ਆਪਣੀ ਸਥਿਤੀ ਲਈ ਨਿਯਮਾਂ ਨੂੰ ਪੂਰਾ ਕਰਦੇ ਹੋ, ਤਾਂ ਤੁਸੀਂ COVID-19 Disaster Payment ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਆਮ ਯੋਗਤਾ ਨਿਯਮ ਇਹ ਹਨ:

- ਤੁਹਾਡੀ ਉਮਰ 17 ਸਾਲ ਜਾਂ ਇਸ ਤੋਂ ਵੱਧ ਹੈ
- ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਤਾਲਾਬੰਦੀ ਹੋਣ ਦੇ ਕਾਰਨ, ਤੁਸੀਂ ਘੱਟੋ ਘੱਟ 8 ਘੰਟੇ ਜਾਂ ਪੂਰਾ ਦਿਨ ਦਾ ਕੰਮ ਅਤੇ ਆਮਦਨ ਗੁਆ ਦਿੱਤੀ ਹੈ, ਅਤੇ ਤੁਹਾਡੇ ਕੋਲ ਮਹਾਂਮਾਰੀ ਨਾਲ ਸੰਬੰਧਤ ਛੁੱਟੀ ਲਈ ਕੋਈ ਉਚਿੱਤ ਹੱਕਦਾਰੀਆਂ ਨਹੀਂ ਹਨ
- ਤੁਹਾਨੂੰ Pandemic Leave Disaster Payment, ਰਾਜ ਜਾਂ ਕੇਂਦਰੀ ਪ੍ਰਦੇਸ਼ ਵੱਲੋਂ ਛੋਟਾ ਕਾਰੋਬਾਰੀ ਭੁਗਤਾਨ, Dad and Partner Pay, Parental Leave Pay, ਜਾਂ ਉਸੇ ਮਿਆਦ ਵਾਸਤੇ ਰਾਜ ਜਾਂ ਕੇਂਦਰੀ ਪ੍ਰਦੇਸ਼ ਆਧਾਰਿਤ ਮਹਾਂਮਾਰੀ ਭੁਗਤਾਨ ਨਹੀਂ ਮਿਲ ਰਿਹਾ ਹੈ
- ਤੁਸੀਂ ਰਾਸ਼ਟਰਮੰਡਲ (ਕੌਮਨਵੈਲਥ) ਦੁਆਰਾ ਐਲਾਨੇ ਗਏ COVID-19 ਹੌਟਸਪੌਟ ਵਿੱਚ ਰਹਿੰਦੇ ਸੀ, ਜਾਂ ਕੰਮ ਕੀਤਾ ਸੀ, ਜਾਂ ਗਏ ਸੀ ਜੋ ਏਧਰ ਓਧਰ ਜਾਣ ਦੇ ਸੀਮਤ ਆਦੇਸ਼ ਦੇ ਅਧੀਨ ਹੈ
- ਤੁਹਾਨੂੰ ਆਪਣੀ ਆਮ ਆਮਦਨ ਨਹੀਂ ਮਿਲ ਰਹੀ ਹੈ, ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਤੁਹਾਡੀ ਥਾਂਵੇਂ Retaining Domestic Airline Capability ਭੁਗਤਾਨ ਨਹੀਂ ਮਿਲ ਰਹੇ ਹਨ।

ਤੁਸੀਂ ਰਾਸ਼ਟਰਮੰਡਲ (ਕੌਮਨਵੈਲਥ) ਵੱਲੋਂ ਐਲਾਨੇ ਗਏ COVID-19 ਹੌਟਸਪੌਟ ਵਿੱਚ ਰਹਿਣ, ਜਾਂ ਕੰਮ ਕਰਨ ਦੀ ਲੋੜ ਨੂੰ ਪੂਰਾ ਕਰਦੇ ਹੋ, ਅਤੇ ਜੇ ਇਹ ਦੋਵੇਂ ਹੇਠ ਲਿਖੇ ਲਾਗੂ ਹੁੰਦੇ ਹਨ:

- ਤੁਸੀਂ ਕਿਸੇ ਖੇਤਰ ਵਿੱਚ ਰਹਿੰਦੇ ਹੋ ਜਾਂ ਕੰਮ ਕਰਦੇ ਹੋ, ਉਹ ਤਾਲਾਬੰਦੀ ਦੇ ਅਧੀਨ ਨਹੀਂ ਹੈ
- ਤੁਸੀਂ ਕੰਮ ਨਹੀਂ ਕਰ ਸਕਦੇ, ਕਿਉਂਕਿ ਤੁਸੀਂ ਤਾਲਾਬੰਦੀ ਖੇਤਰ ਦੇ ਅੰਦਰ ਜਾਂ ਬਾਹਰ ਜਾਣ ਦੇ ਅਯੋਗ ਹੋ।

ਜੇ ਤੁਸੀਂ ਸਬੰਧਿਤ ਮਿਆਦ ਦੌਰਾਨ, ਕਿਸੇ ਕੌਮਨਵੈਲਥ ਦੁਆਰਾ ਐਲਾਨੇ COVID-19 ਹੌਟਸਪੌਟ ਵਿੱਚ ਗਏ ਸੀ, ਅਤੇ ਦੂਜੇ ਜਨਤਕ ਸਿਹਤ ਆਦੇਸ਼ ਦੇ ਅਧੀਨ ਸੀ, ਜਿਸ ਦੇ ਨਤੀਜੇ ਵਜੋਂ ਤੁਹਾਡੀ ਗਤੀਵਿਧੀ 'ਤੇ ਰੋਕ ਲੱਗ ਗਈ ਹੈ, ਤਾਂ ਵੀ ਤੁਸੀਂ ਯੋਗ ਹੋ ਸਕਦੇ ਹੋ।

ਜਦੋਂ ਇਹ ਹੇਠ ਲਿਖੇ ਦੋਵੇਂ ਲਾਗੂ ਹੁੰਦੇ ਹਨ ਤਾਂ ਤੁਹਾਨੂੰ ਹੁਣ ਕੌਮਨਵੈਲਥ ਦੁਆਰਾ ਐਲਾਨੇ COVID-19 ਹੌਟਸਪੌਟ ਯੋਗਤਾ ਨਿਯਮ ਨੂੰ ਪੂਰਾ ਕਰਨ ਦੀ ਲੋੜ ਨਹੀਂ ਹੈ:

- ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ 80% ਯੋਗ ਲੋਕਾਂ ਨੂੰ COVID-19 ਵੈਕਸੀਨ ਦੇ ਪੂਰੇ ਟੀਕੇ ਲੱਗ ਗਏ ਹਨ

- ਅਸੀਂ ਇਕ ਸਬੰਧਿਤ ਮਿਆਦ ਵਾਸਤੇ COVID-19 Disaster Payment ਵਾਸਤੇ ਤੁਹਾਡਾ ਦਾਅਵਾ ਮਨਜ਼ੂਰ ਕੀਤਾ ਹੈ, ਜਿਸ ਵਿੱਚ COVID-19 ਵਾਸਤੇ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ 80% ਲੋਕਾਂ ਨੂੰ ਪੂਰੀ ਤਰ੍ਹਾਂ ਟੀਕੇ ਲਗਾਏ ਜਾਣ ਦੀ ਤਰੀਕ ਸ਼ਾਮਲ ਹੈ।

ਤੁਹਾਡੇ ਆਮ ਕੰਮ ਦਾ ਪੂਰਾ ਦਿਨ ਉਹ ਹੈ, ਜੋ ਤੁਸੀਂ ਕੰਮ ਕਰਨਾ ਸੀ, ਪਰ ਏਧਰ-ਓਧਰ ਜਾਣ ਦੇ ਸੀਮਤ ਆਦੇਸ਼ ਕਾਰਨ ਨਹੀਂ ਹੋ ਸਕਿਆ। ਇਸ ਵਿੱਚ ਸ਼ਾਮਲ ਹੈ ਪੂਰੇ ਸਮੇਂ, ਅੰਸ਼ਕ ਸਮੇਂ ਜਾਂ 8 ਘੰਟਿਆਂ ਤੋਂ ਘੱਟ ਦੀ ਆਮ ਸ਼ਿਫਟ ਵਿੱਚ ਸ਼ਾਮਲ ਨਾ ਹੋ ਸਕਣਾ।

## ਜੇ ਤੁਹਾਨੂੰ Centrelink ਜਾਂ Department of Veterans' Affairs (DVA) ਭੁਗਤਾਨ ਮਿਲ ਰਿਹਾ ਹੈ

ਜੇ ਤੁਹਾਨੂੰ ਯੋਗ Centrelink ਜਾਂ DVA ਭੁਗਤਾਨ ਮਿਲ ਰਿਹਾ ਹੈ, ਅਤੇ ਸਾਰੇ ਯੋਗਤਾ ਨਿਯਮਾਂ ਨੂੰ ਪੂਰਾ ਕਰ ਰਹੇ ਹੋ, ਤਾਂ ਤੁਸੀਂ COVID-19 Disaster Payment ਵਾਸਤੇ ਅਰਜ਼ੀ ਦੇ ਸਕਦੇ ਹੋ।

ਤੁਸੀਂ ਆਪਣੀ ਦਾਅਵੇ ਵਾਲੀ ਮਿਆਦ ਤੋਂ ਪਹਿਲੇ 8 ਹਫਤਿਆਂ ਵਿੱਚ, ਘੱਟੋ ਘੱਟ ਇਕ ਵਾਰ ਸਾਨੂੰ ਆਪਣੀ ਰੁਜ਼ਗਾਰ ਵਾਲੀ ਆਮਦਨ ਦੀ ਰਿਪੋਰਟ ਕੀਤੀ ਹੋਣੀ ਚਾਹੀਦੀ ਹੈ। ਇਹ ਨਿਯਮ ਤੁਹਾਡੇ 'ਤੇ ਲਾਗੂ ਨਹੀਂ ਹੁੰਦਾ ਜੇ ਤੁਸੀਂ ਅੰਨ੍ਹੇ ਹੋ, ਅਤੇ Age Pension ਜਾਂ Disability Support Pension ਪ੍ਰਾਪਤ ਕਰ ਰਹੇ ਹੋ।

ਤੁਹਾਨੂੰ ਹੇਠ ਲਿਖੇ ਆਮਦਨ ਸਹਾਇਤਾ ਭੁਗਤਾਨਾਂ ਵਿੱਚੋਂ ਕੋਈ ਇਕ ਲਾਜ਼ਮੀ ਪ੍ਰਾਪਤ ਕਰਦੇ ਹੋਣਾ ਚਾਹੀਦਾ ਹੈ:

- Age Pension
- Austudy
- Carer Payment
- Disability Support Pension
- JobSeeker Payment
- Parenting Payment
- Special Benefit
- Farm Household Allowance
- Youth Allowance
- Widow Allowance
- Partner Allowance
- ABSTUDY Living Allowance
- Veterans' Act ਦੇ ਅਧੀਨ Income support supplement

- Veterans' Act ਦੇ ਅਧੀਨ Service pension
- Veterans' Act ਦੇ ਅਧੀਨ Veteran payment
- Veterans' Act ਦੇ ਅਧੀਨ Education Allowance।

ਤੁਹਾਨੂੰ ਆਪਣੀਆਂ ਆਮ ਭੁਗਤਾਨ ਤਰੀਕਾਂ ਨੂੰ ਆਪਣਾ ਬਕਾਇਦਾ Centrelink ਜਾਂ DVA ਭੁਗਤਾਨ ਮਿਲੇਗਾ। ਤੁਹਾਨੂੰ Centrelink ਨੂੰ COVID-19 Disaster Payment ਦੀ ਆਮਦਨ ਵਜੋਂ ਰਿਪੋਰਟ ਕਰਨ ਦੀ ਲੋੜ ਨਹੀਂ ਹੈ।

## ਜੇ ਤੁਹਾਨੂੰ Centrelink ਜਾਂ DVA ਭੁਗਤਾਨ ਨਹੀਂ ਮਿਲ ਰਿਹਾ ਹੈ

ਜੇ ਤੁਸੀਂ ਯੋਗਤਾ ਦੇ ਸਾਰੇ ਨਿਯਮਾਂ ਨੂੰ ਪੂਰਾ ਕਰਦੇ ਹੋ, ਅਤੇ ਯੋਗ Centrelink ਜਾਂ DVA ਭੁਗਤਾਨ ਪ੍ਰਾਪਤ ਨਹੀਂ ਕਰ ਰਹੇ ਹੋ, ਤਾਂ ਤੁਸੀਂ COVID-19 Disaster Payment ਵਾਸਤੇ ਅਰਜ਼ੀ ਦੇ ਸਕਦੇ ਹੋ।

ਤੁਸੀਂ ਲਾਜ਼ਮੀ ਤੌਰ 'ਤੇ ਆਸਟ੍ਰੇਲੀਆ ਦੇ ਵਸਨੀਕ ਹੋਣੇ ਚਾਹੀਦੇ ਹੋ, ਜਾਂ ਤੁਹਾਡੇ ਕੋਲ ਕੋਈ ਅਜਿਹਾ ਵੀਜ਼ਾ ਹੈ, ਜੋ ਤੁਹਾਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ ਦਾ ਅਧਿਕਾਰ ਦਿੰਦਾ ਹੈ। ਤੁਸੀਂ Department of Home Affair's VEVO ਪ੍ਰਣਾਲੀ ਦੀ ਵਰਤੋਂ ਕਰਕੇ, ਆਸਟ੍ਰੇਲੀਆ ਵਿੱਚ ਆਪਣੇ ਕੰਮ ਕਰਨ ਦੇ ਅਧਿਕਾਰ ਸਮੇਤ, ਆਪਣੇ ਵੀਜ਼ੇ ਦੇ ਵੇਰਵਿਆਂ ਅਤੇ ਸ਼ਰਤਾਂ ਦੀ ਜਾਂਚ ਕਰ ਸਕਦੇ ਹੋ।

ਤੁਸੀਂ ਕੇਵਲ ਇਕ ਜਗ੍ਹਾ ਲਈ COVID-19 Disaster Payment ਦਾ ਦਾਅਵਾ ਕਰ ਸਕਦੇ ਹੋ। ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਇਕ ਤੋਂ ਵੱਧ ਵਾਸਤੇ ਯੋਗ ਹੋ, ਤਾਂ ਤੁਹਾਨੂੰ ਇਹ ਫ਼ੈਸਲਾ ਕਰਨ ਦੀ ਲੋੜ ਹੈ ਕਿ ਤੁਹਾਡੇ ਵਾਸਤੇ ਸਭ ਤੋਂ ਵਧੀਆ ਕਿਹੜਾ ਹੈ।

ਸਥਾਨਾਂ, ਭੁਗਤਾਨ ਦੀਆਂ ਰਕਮਾਂ ਅਤੇ ਸਬੰਧਿਤ ਮਿਆਦਾਂ ਸਮੇਤ ਵਧੇਰੇ ਜਾਣਕਾਰੀ ਵਾਸਤੇ, servicesaustralia.gov.au/covid19disasterpayment ਉੱਤੇ ਜਾਓ

## ਜੇ ਤੁਹਾਡਾ ਰਾਜ ਜਾਂ ਕੇਂਦਰੀ ਪ੍ਰਦੇਸ਼ 70% ਜਾਂ 80% ਟੀਕਾਕਰਨ ਦੀਆਂ ਪੂਰੀਆਂ ਦਰਾਂ ਤੱਕ ਪਹੁੰਚ ਜਾਂਦਾ ਹੈ

ਆਪਣੇ ਆਪ ਹੋਣ ਵਾਲੀਆਂ COVID-19 Disaster Payments ਉਦੋਂ ਬੰਦ ਹੋ ਜਾਣਗੀਆਂ ਜਦੋਂ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ 70% ਲੋਕਾਂ ਨੂੰ COVID-19 ਵੈਕਸੀਨ ਦੀਆਂ 2 ਖੁਰਾਕਾਂ ਵਾਲੇ ਟੀਕੇ ਪੂਰੀ ਤਰ੍ਹਾਂ ਲੱਗ ਜਾਣਗੇ।

ਜੇ ਤੁਸੀਂ ਅਜੇ ਵੀ ਏਧਰ ਓਧਰ ਜਾਣ ਦੀਆਂ ਪਾਬੰਦੀਆਂ ਤੋਂ ਪ੍ਰਭਾਵਤ ਹੋ, ਤਾਂ ਤੁਹਾਨੂੰ COVID-19 Disaster Payment ਵਾਸਤੇ ਹਰ ਹਫਤੇ ਦੁਬਾਰਾ ਅਰਜ਼ੀ ਦੇਣ ਦੀ ਲੋੜ ਪਵੇਗੀ ਤਾਂ ਜੋ ਅਸੀਂ ਜਾਣ ਸਕੀਏ ਕਿ ਤੁਸੀਂ ਯੋਗ ਰਹਿੰਦੇ ਹੋ।

ਜਦੋਂ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ 80% ਲੋਕਾਂ ਨੂੰ COVID-19 ਵੈਕਸੀਨ ਦੀਆਂ 2 ਖੁਰਾਕਾਂ ਨਾਲ ਪੂਰੀ ਤਰ੍ਹਾਂ ਟੀਕੇ ਲੱਗ ਜਾਂਦੇ ਹਨ, ਤਾਂ ਤੁਹਾਡੀ COVID-19 Disaster Payment 2 ਵਿੱਚ ਤਬਦੀਲੀਆਂ ਹੋਣਗੀਆਂ।

ਤੁਸੀਂ ਕੇਵਲ COVID-19 Disaster Payment ਵਾਸਤੇ ਹੀ ਮੁੜ ਅਰਜ਼ੀ ਦੇ ਸਕਦੇ ਹੋ, ਜੇ ਤੁਹਾਨੂੰ ਕਿਸੇ ਸਬੰਧਿਤ ਮਿਆਦ ਵਾਸਤੇ ਮਨਜ਼ੂਰ ਕੀਤਾ ਗਿਆ ਹੈ, ਜਿਸ ਵਿੱਚ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੀ 80% ਪੂਰੇ ਟੀਕਾਕਰਨ ਤੱਕ ਪਹੁੰਚਣ ਦੀ ਤਰੀਕ ਸ਼ਾਮਲ ਹੈ।

ਜੇ ਤੁਹਾਨੂੰ ਕਿਸੇ ਸਬੰਧਿਤ ਮਿਆਦ ਵਾਸਤੇ COVID-19 Disaster Payment ਮਨਜ਼ੂਰ ਕੀਤਾ ਗਿਆ ਹੈ, ਜਿਸ ਵਿੱਚ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੀ 80% ਪੂਰੀ ਤਰ੍ਹਾਂ ਟੀਕੇ ਲਗਾਉਣ ਦੀ ਤਰੀਕ ਸ਼ਾਮਲ ਹੈ, ਤਾਂ ਤੁਸੀਂ ਭੁਗਤਾਨ ਵਾਸਤੇ 2 ਹੋਰ ਹਫਤਿਆਂ ਤੱਕ ਦੀ ਮੁੜ ਅਰਜ਼ੀ ਦੇ ਸਕਦੇ ਹੋ।

COVID-19 Disaster Payment 2 ਹਫਤਿਆਂ ਤੱਕ ਦੀ ਮਿਆਦ ਦੌਰਾਨ ਘਟੇਗੀ।

ਕਿਸੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ 80% ਪੂਰੀ ਤਰ੍ਹਾਂ ਟੀਕੇ ਲੱਗ ਜਾਣ ਤੋਂ ਬਾਅਦ ਪਹਿਲੇ ਹਫਤੇ ਵਿੱਚ, COVID-19 Disaster Payment ਦਾ ਇਕ ਭੁਗਤਾਨ ਹੋਵੇਗਾ:

- 450 ਡਾਲਰ ਜੇ ਤੁਸੀਂ 8 ਘੰਟੇ ਜਾਂ ਪੂਰੇ ਦਿਨ ਦੇ ਕੰਮ ਨੂੰ ਗੁਆ ਦਿੱਤਾ ਹੈ, ਅਤੇ ਤੁਹਾਨੂੰ ਯੋਗ Centrelink ਜਾਂ Department of Veterans' Affairs (DVA) ਭੁਗਤਾਨ ਨਹੀਂ ਮਿਲ ਰਿਹਾ ਹੈ
- 100 ਡਾਲਰ ਜੇ ਤੁਸੀਂ 8 ਘੰਟੇ ਜਾਂ ਪੂਰੇ ਦਿਨ ਦੇ ਕੰਮ ਨੂੰ ਗੁਆ ਦਿੱਤਾ ਹੈ ਅਤੇ ਤੁਹਾਨੂੰ ਯੋਗ Centrelink ਜਾਂ DVA ਭੁਗਤਾਨ ਮਿਲ ਰਿਹਾ ਹੈ।

ਕਿਸੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ 80% ਪੂਰੀ ਤਰ੍ਹਾਂ ਟੀਕੇ ਲੱਗ ਜਾਣ ਤੋਂ ਬਾਅਦ ਦੂਜੇ ਹਫਤੇ ਵਿੱਚ, COVID-19 Disaster Payment ਹੋਵੇਗੀ:

- ਜੇ ਤੁਸੀਂ 8 ਘੰਟੇ ਜਾਂ ਪੂਰੇ ਦਿਨ ਦੇ ਕੰਮ ਨੂੰ ਗੁਆ ਚੁੱਕੇ ਹੋ ਅਤੇ ਤੁਹਾਨੂੰ ਯੋਗ Centrelink ਜਾਂ DVA ਭੁਗਤਾਨ ਨਹੀਂ ਮਿਲ ਰਿਹਾ ਹੈ ਤਾਂ 320 ਡਾਲਰ ਦਾ ਇਕ ਭੁਗਤਾਨ
- ਜੇ ਤੁਹਾਨੂੰ ਯੋਗ Centrelink ਜਾਂ DVA ਭੁਗਤਾਨ ਮਿਲ ਰਿਹਾ ਹੈ ਤਾਂ ਖਤਮ।

ਇਸ ਮਿਆਦ ਤੋਂ ਬਾਅਦ, COVID-19 Disaster Payments ਤੁਹਾਡੇ ਖੇਤਰ ਵਿੱਚ ਉਪਲਬਧ ਨਹੀਂ ਹਨ।

ਵਧੇਰੇ ਜਾਣਕਾਰੀ ਲਈ:

- ਅੰਗਰੇਜ਼ੀ ਵਿੱਚ ਜਾਣਕਾਰੀ ਵਾਸਤੇ servicesaustralia.gov.au/covid19disasterpayment ਉੱਤੇ ਜਾਓ
- servicesaustralia.gov.au/yourlanguage ਉੱਤੇ ਜਾਓ ਜਿੱਥੇ ਤੁਸੀਂ ਆਪਣੀ ਭਾਸ਼ਾ ਵਿੱਚ ਪੜ੍ਹ ਸਕਦੇ ਹੋ, ਸੁਣ ਸਕਦੇ ਹੋ ਜਾਂ ਜਾਣਕਾਰੀ ਵੇਖ ਸਕਦੇ ਹੋ
- ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ 131 202 ਉੱਤੇ ਫੋਨ ਕਰੋ।

ਜੇ ਤੁਸੀਂ ਹੁਣ COVID-19 Disaster Payment ਵਾਸਤੇ ਯੋਗ ਨਹੀਂ ਹੋ, ਤਾਂ ਤੁਸੀਂ ਇਹ ਪਤਾ ਲਗਾ ਸਕਦੇ ਹੋ ਕਿ ਤੁਸੀਂ ਹੋਰ ਕਿਹੜਾ ਭੁਗਤਾਨ ਜਾਂ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। servicesaustralia.gov.au/covid19 ਉੱਤੇ ਜਾਓ

Centrelink ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ **131 202** ਉੱਤੇ ਫ਼ੋਨ ਕਰੋ। ਨੋਟ ਕਰੋ: ਤੁਹਾਡੇ ਘਰ ਦੇ ਫ਼ੋਨ ਤੋਂ ਆਸਟ੍ਰੇਲੀਆ ਵਿੱਚ ਕਿਧਰੇ ਵੀ '13' ਨੰਬਰਾਂ ਤੱਕ ਫ਼ੋਨ ਕਾਲਾਂ ਕਰਨ ਵਾਸਤੇ ਨਿਸ਼ਚਿਤ ਦਰ 'ਤੇ ਫ਼ੀਸ ਲਈ ਜਾਂਦੀ ਹੈ। ਇਹ ਦਰ ਸਥਾਨਕ ਫ਼ੋਨ ਕਾਲ ਦੀ ਕੀਮਤ ਤੋਂ ਵੱਖ ਹੋ ਸਕਦੀ ਹੈ, ਅਤੇ ਟੈਲੀਫ਼ੋਨ ਸੇਵਾ ਪ੍ਰਦਾਤਿਆਂ ਵਿਚਕਾਰ ਵੀ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਘਰ ਦੇ ਫ਼ੋਨ ਤੋਂ '1800' ਨੰਬਰਾਂ ਉੱਤੇ ਕੀਤੀਆਂ ਫ਼ੋਨ ਕਾਲਾਂ ਮੁਫ਼ਤ ਹਨ। ਜਨਤਕ ਅਤੇ ਮੋਬਾਈਲ ਫੋਨਾਂ ਦੀਆਂ ਕਾਲਾਂ ਦਾ ਸਮਾਂ ਮਾਪਿਆ ਜਾ ਸਕਦਾ ਹੈ, ਅਤੇ ਉੱਚੀ ਦਰ 'ਤੇ ਫ਼ੀਸ ਲਈ ਜਾ ਸਕਦੀ ਹੈ।

ਬੇਦਾਅਵਾ: ਇਹ ਜਾਣਕਾਰੀ 20 ਅਕਤੂਬਰ 2021 ਨੂੰ ਪੂਰੀ ਤਰ੍ਹਾਂ ਸਹੀ ਹੈ। ਇਸ ਪ੍ਰਕਾਸ਼ਨ ਵਿੱਚ ਸ਼ਾਮਲ ਜਾਣਕਾਰੀ ਦਾ ਉਦੇਸ਼ ਕੇਵਲ ਭੁਗਤਾਨਾਂ ਅਤੇ ਸੇਵਾਵਾਂ ਲਈ ਇਕ ਗਾਈਡ ਵਜੋਂ ਹੈ। ਇਹ ਫ਼ੈਸਲਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਕੀ ਤੁਸੀਂ ਕਿਸੇ ਭੁਗਤਾਨ ਵਾਸਤੇ ਅਰਜ਼ੀ ਦੇਣਾ ਚਾਹੁੰਦੇ ਹੋ ਅਤੇ ਆਪਣੇ ਵਿਸ਼ੇਸ਼ ਹਾਲਾਤਾਂ ਦੇ ਸਬੰਧ ਵਿੱਚ ਅਰਜ਼ੀ ਦੇਣਾ ਚਾਹੁੰਦੇ ਹੋ।

# Information about the COVID-19 Disaster Payment

This is a lump-sum payment for eligible people who lost work and income due to a state or territory COVID-19 public health order. This may involve a lockdown, hotspot or movement restrictions.

The COVID-19 Disaster Payment is not taxable.

You may be able to get the COVID-19 Disaster Payment if you meet all the general eligibility rules as well as the rules for your situation. These are the general eligibility rules:

- you're 17 years or older
- you've lost at least 8 hours or a full day of work and income due a lockdown in your state or territory and don't have any appropriate pandemic-related leave entitlements
- you aren't getting Pandemic Leave Disaster Payment, a state or territory small business payment, Dad and Partner Pay, Parental Leave Pay, or a state or territory based pandemic payment for the same period
- you lived or worked in or visited a Commonwealth-declared COVID-19 hotspot that is subject to a restricted movement order
- you're not getting your usual income and your employer is not getting Retaining Domestic Airline Capability payments on your behalf.

You meet the requirement of living or working in a Commonwealth-declared COVID-19 hotspot if both of these apply:

- you live or work in an area which isn't locked down
- you can't work because you're unable to cross into or out of the lockdown area.

If you visited a Commonwealth declared COVID-19 hotspot during the relevant period and were subject to a second public health order that results in your restricted movement, you may also be eligible.

You no longer need to meet the Commonwealth-declared COVID-19 hotspot eligibility rule when both of these apply:

- your state or territory has reached 80% fully vaccinated with a COVID-19 vaccine
- we have granted your claim for COVID-19 Disaster Payment for a relevant period which includes the date your state or territory reaches 80% fully vaccinated for COVID-19.

A full day of your usual work is what you were scheduled to work but could not because of a restricted movement order. This includes not being able to attend a full time, part time or casual shift of less than 8 hours.

## If you're getting a Centrelink or Department of Veterans' Affairs (DVA) payment

If you're getting an eligible Centrelink or DVA payment and meet all the eligibility rules, you can apply for COVID-19 Disaster Payment.

You must have reported employment income to us at least once in the 8 weeks before your claiming period. This rule doesn't apply to you if you're blind and getting Age Pension or Disability Support Pension.

You must be getting one of the following income support payments:

- Age Pension
- Austudy
- Carer Payment
- Disability Support Pension
- JobSeeker Payment
- Parenting Payment
- Special Benefit
- Farm Household Allowance
- Youth Allowance
- Widow Allowance
- Partner Allowance
- ABSTUDY Living Allowance
- Income support supplement under the Veterans' Act
- Service pension under the Veterans' Act
- Veteran payment under the Veterans' Act
- Education Allowance under the Veterans' Act.

You'll get your regular Centrelink or DVA payment on your usual payment dates. You don't need to report the COVID-19 Disaster Payment as income to Centrelink.

# If you're not getting a Centrelink or DVA payment

If you meet all the eligibility rules and aren't getting an eligible Centrelink or DVA payment, you can apply for COVID-19 Disaster Payment.

You must be an Australian resident or hold a visa that gives you the right to work in Australia. You can check your visa details and conditions, including your right to work in Australia, using the Department of Home Affair's VEVO system.

You can claim the COVID-19 Disaster Payment for one location only. If you think you're eligible for more than one, you need to decide which is best for you.

For more information, including locations, payment amounts and relevant periods, go to **servicesaustralia.gov.au/covid19disasterpayment**

# If your state or territory reaches 70% or 80% full vaccination rates

Automatic COVID-19 Disaster Payments will stop when 70% of people aged 16 years and over in your state or territory are fully vaccinated with 2 doses of a COVID-19 vaccine.

If you are still affected by movement restrictions or lockdown, you will need to reapply for COVID-19 Disaster Payment each week so we know you remain eligible.

When 80% of people aged 16 years or older in your state or territory are fully vaccinated with 2 doses of a COVID-19 vaccine, there will be changes to COVID-19 Disaster Payment.

You can only reapply for COVID-19 Disaster Payment if you have been granted for a relevant period which includes the date your state or territory reaches 80% full vaccination.

If you have been granted COVID-19 Disaster Payment for a relevant period which includes the date your state or territory reaches 80% fully vaccinated, you can reapply for the payment for up to 2 more weeks.

The COVID-19 Disaster Payment will reduce over a period of up to 2 weeks.

The first week after a state or territory reaches 80% fully vaccinated, the COVID-19 Disaster Payment will be one payment of:

- $450 if you have lost more than 8 hours or a full day of work and you are not getting an eligible Centrelink or Department of Veterans' Affairs (DVA) payment
- $100 if you have lost more than 8 hours or a full day of work and you are getting an eligible Centrelink or DVA payment.

The second week after a state or territory reaches 80% fully vaccinated, COVID-19 Disaster Payment will:

- be one payment of $320 if you have lost more than 8 hours or a full day of work and you are not getting an eligible Centrelink or DVA payment
- end if you are getting an eligible Centrelink or DVA payment.

After this period, COVID-19 Disaster Payments will not be available in your area.

For more information:

- go to **servicesaustralia.gov.au/covid19disasterpayment** for information in English
- go to **servicesaustralia.gov.au/yourlanguage** where you can read, listen to or watch information in your language
- call **131 202** to speak with us in your language.

If you are no longer eligible for COVID-19 Disaster Payment, you can find out what other payment or support you may be able to get. Go to **servicesaustralia.gov.au/covid19**

Call **131 202** to speak with us in your language about Centrelink payments and services. Note: calls from your home phone to '13' numbers from anywhere in Australia are charged at a fixed rate. That rate may vary from the price of a local call and may also vary between telephone service providers. Calls to '1800' numbers from your home phone are free. Calls from public and mobile phones may be timed and charged at a higher rate.

Disclaimer: This information is accurate as at 20 October 2021. The information contained in this publication is intended only as a guide to payments and services. It's your responsibility to decide if

you wish to apply for a payment and to make an application, with regard to your particular circumstances.